This question paper contains 4 printed pages]

*Your Roll No.................*

**6569**

**M.A./III** **A**

PUNJABI—Course 9 (i)

(Gurmat Poetry)

(Admissions of 2004 to 2008)

*Time* : 3 *Hours* *Maximum Marks* : 75

*Note* :—The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

(*Write your Roll No. on the top immediately on receipt of this question paper.*)

**ਨੋਟ** :– ਪ੍ਰਸ਼ਨ ਪੱਤਰ ਦੇ ਚਾਰ ਭਾਗ ਹਨ । ਸਾਰੇ ਭਾਗ ਲਾਜ਼ਮੀ ਹਨ । ਭਾਗ ਪਹਿਲੇ ਤੇ ਤੀਜੇ ਵਿਚੋਂ ਸਿਰਫ਼ **ਇਕ-ਇਕ** ਪ੍ਰਸ਼ਨ ਕਰਨਾ ਜ਼ਰੂਰੀ ਹੈ । ਭਾਗ ਦੂਜੇ ਵਿਚੋਂ ਦੋ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ । ਭਾਗ ਚੌਥੇ ਵਿਚੋਂ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ । ਹਰ ਭਾਗ ਦੇ ਮੁੱਢ ਵਿਚ ਦਰਜ ਹਿਦਾਇਤਾਂ ਨੂੰ ਧਿਆਨ ਨਾਲ ਪੜ੍ਹੋ ।

## ਭਾਗ ਪਹਿਲਾ

**ਨੋਟ** :–ਹੇਠ ਲਿਖਿਆਂ ਵਿਚੋਂ ਕੋਈ **ਇਕ** ਪ੍ਰਸ਼ਨ ਹੱਲ ਕਰੋ ।

1. ਗੁਰਮਤਿ ਪਰੰਪਰਾ ਤੋਂ ਕੀ ਭਾਵ ਹੈ ? ਵਿਸਤਾਰ ਸਹਿਤ ਚਰਚਾ ਕਰੋ ।

2. ਗੁਰਬਾਣੀ ਦੇ ਵਿਚਾਰਧਾਰਕ ਪਹਿਲੂਆਂ ਨੂੰ ਭਰਪੂਰ ਚਰਚਾ ਦਾ ਵਿਸ਼ਾ ਬਣਾਉ । 15×1=15

## ਭਾਗ ਦੂਜਾ

ਨੋਟ :—ਹੇਠ ਲਿਖਿਆਂ ਵਿਚੋਂ ਕੋਈ ਦੋ ਪ੍ਰਸ਼ਨਾਂ ਦੇ ਵਿਸਤ੍ਰਿਤ ਉੱਤਰ ਦਿਉ ।

3. 'ਜਪੁ' ਜੀ ਬਾਣੀ ਦੇ ਦਾਰਸ਼ਨਿਕ ਪੱਖਾਂ ਉਪਰ ਰੋਸ਼ਨੀ ਪਾਉ ।

4. 'ਵਾਰ ਜੈਤਸਰੀ ਕੀ ਮ:5' ਬਾਣੀ ਨੂੰ ਇਕ ਅਧਿਆਤਮਕ ਵਾਰ ਦੇ ਰੂਪ ਵਿਚ ਚਰਚਾ ਦਾ ਵਿਸ਼ਾ ਬਣਾਉ ।

5. ਗੁਰੂ ਤੇਗ ਬਹਾਦਰ ਰਚਿਤ ਸ਼ਲੋਕਾਂ ਵਿਚੋਂ ਮੌਤ ਤੇ ਦੁੱਖ ਦਾ ਕਿਹੋ ਜਿਹਾ ਬਿੰਬ ਉਭਰਦਾ ਹੈ ? ਚਰਚਾ ਕਰੋ । 15×2=30

## ਭਾਗ ਤੀਜਾ

ਨੋਟ :—ਹੇਠ ਲਿਖਿਆਂ ਵਿਚੋਂ ਕਿਸੇ ਇਕ ਬਾਣੀ-ਬੰਦ ਦਾ ਵਿਹਾਰਕ ਵਿਸ਼ਲੇਸ਼ਣ ਕਰੋ :

6. (*i*) ਰਾਤੀ ਰੁਤੀ ਥਿਤੀ ਵਾਰ ॥
ਪਵਣ ਪਾਣੀ ਅਗਨੀ ਪਾਤਾਲ ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥
ਤਿਨ ਕੇ ਨਾਮ ਅਨੇਕ ਅਨੰਤ ॥
ਕਰਮੀ ਕਰਮੀ ਹੋਇ ਵੀਚਾਰੁ ॥
ਸਚਾ ਆਪਿ ਸਚਾ ਦਰਬਾਰੁ ॥
ਤਿਥੈ ਸੋਹਨਿ ਪੰਚ ਪਰਵਾਣੁ ॥
ਨਦਰੀ ਕਰਮਿ ਪਵੈ ਨੀਸਾਣੁ ॥

ਕਚ ਪਕਾਈ ਓਥੈ ਪਾਇ ॥

ਨਾਨਕ ਗਇਆ ਜਾਪੈ ਜਾਇ ॥34॥

(ii) ਸੁਖੁ ਦੁਖੁ ਜਿਹ ਪਰਸੈ ਨਹੀ

ਲੋਭੁ ਮੋਹੁ ਅਭਿਮਾਨੁ ॥

ਕਹੁ ਨਾਨਕ ਸੁਨੁ ਰੇ ਮਨਾ

ਸੋ ਮੂਰਤਿ ਭਗਵਾਨ ॥13॥

ਉਸਤਤਿ ਨਿੰਦਿਆ ਨਾਹਿ ਜਿਹਿ

ਕੰਚਨ ਲੋਹ ਸਮਾਨਿ ॥

ਕਹੁ ਨਾਨਕ ਸੁਨਿ ਰੇ ਮਨਾ

ਮੁਕਤਿ ਤਾਹਿ ਤੈ ਜਾਨਿ ॥14॥

ਹਰਖੁ ਸੋਗੁ ਜਾ ਕੈ ਨਹੀ

ਬੈਰੀ ਮੀਤ ਸਮਾਨਿ ॥

ਕਹੁ ਨਾਨਕ ਸੁਨਿ ਰੇ ਮਨਾ

ਮੁਕਤਿ ਤਾਹਿ ਤੈ ਜਾਨਿ ॥15॥

ਭੈ ਕਾਹੂ ਕਉ ਦੇਤ ਨਹਿ

ਨਹਿ ਭੈ ਮਾਨਤ ਆਨ ॥

ਕਹਿ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥16॥

15×1=15

P.T.O.

## ਭਾਗ ਚੌਥਾ

ਨੋਟ :—ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਪੰਜਾਹ ਪੰਜਾਹ ਸ਼ਬਦਾਂ ਵਿਚ ਦਿਉ :

7. (i) ਗੁਰੂ ਗ੍ਰੰਥ ਸਾਹਿਬ ਨਾਲ ਸੰਬੰਧਤ ਰਾਗ-ਮੁਕਤ ਬਾਣੀਆਂ ਕਿਹੜੀਆਂ ਹਨ ?

(ii) ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਿਹੜੇ ਗੁਰੂ ਨੇ ਤੇ ਕਿਹੜੇ ਵਰ੍ਹੇ ਸੰਪੰਨ ਕੀਤੀ ?

(iii) 'ਵਾਰ ਜੈਤਸਰੀ ਕੀ ਮ:5' ਬਾਣੀ ਦੀ ਭਾਸ਼ਾ-ਸ਼ੈਲੀ ਦੀਆਂ ਵਿਸ਼ੇਸ਼ਤਾਵਾਂ ਬਿਆਨ ਕਰੋ ।

(iv) 'ਜਪੁ' ਜੀ ਬਾਣੀ ਵਿੱਚ 'ਸਚਿਆਰਾ' ਬਣਨ ਲਈ ਕੀ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ ?

(v) ਗੁਰਬਾਣੀ ਵਿੱਚ 'ਨਾਮ' ਸੰਕਲਪ ਦੀ ਵਿਆਖਿਆ ਕਿਵੇਂ ਹੋਈ ਹੈ ?

3×5=15